# ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੁੱਖ-ਨਿਧਾਨ ਦਾ ਭੋਗ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

'ਸਿੱਖ ਰਹਿਤ ਮਰਯਾਦਾ' ਵਿੱਚ ਲਿੱਖਿਆ ਹੈ: -

> ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ । ਅਮਲ ਪ੍ਰਸ਼ਾਦੇ ਦਾ ਹੀ ਰੱਖੇ ।

ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੁਖ-ਨਿਧਾਨ ਦਾ ਭੋਗ ਲਗਾਇਆ ਜਾਂਦਾ ਹੈ । ਆਮ ਤੌਰ 'ਤੇ ਭੰਗ ਨੂੰ ਹੀ ਸੁੱਖ-ਨਿਧਾਨ ਆਖਿਆ ਜਾਂਦਾ ਹੈ, ਪਰ ਗੁਰਬਾਣੀ ਅਤੇ 'ਸਿੱਖ ਰਹਿਤ ਮਰਯਾਦਾ ਵਿੱਚ ਭੰਗ ਦੀ ਨਿਖੇਧੀ ਦੇਖ ਕੇ ਕੁੱਝ ਲੋਕ ਇਸ ਨੂੰ ਭੰਗ ਨਾ ਆਖ ਕੇ ਸੁੱਖ-ਨਿਧਾਨ ਆਖ ਦਿੰਦੇ ਹਨ । ਜੋ ਵੀ ਹੋਏ, ਇੰਨਾ-ਕੁ ਤਾਂ ਮੰਨਣਾ ਹੀ ਪਏਗਾ ਕਿ ਸੁਖ-ਨਿਧਾਨ ਪੀਣ ਵਾਲਾ ਇੱਕ ਪਦਾਰਥ ਹੈ, ਜਿਸ ਵਿੱਚ ਭੰਗ ਵੀ ਮਿਲਾਈ ਜਾਂਦੀ ਹੈ । ਆਪਣੀ ਪੁਸਤਕ 'ਸ੍ਰੀ ਹਜ਼ੂਰੀ ਮ੍ਰਿਜਾਦਾ ਪ੍ਰਬੋਧ' ਵਿੱਚ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ 'ਸੁਖਨਿਧਾਨ ਦੇ ਭੋਗ ਬਾਰੇ' ਦੇ ਸਿਰਲੇਖ ਹੇਠ ਪੰਨਾ ੨੫੭ ਤੋਂ ੨੬੪ ਤਕ ਇਸ ਬਾਰੇ ਆਪਣੇ ਵੀਚਾਰ ਪ੍ਰਗਟਾਏ ਹਨ ।

ਤਖ਼ਤ ਸਾਹਿਬ ਵਿਖੇ ਸੁਖਨਿਧਾਨ ਦਾ ਭੋਗ ਲਗਾਉਣ ਦੇ ਹੱਕ ਵਿੱਚ ਸਿੰਘ ਸਾਹਿਬ ਜੀ ਨੇ ਜੋ ਦਲੀਲਾਂ ਦਿੱਤੀਆਂ ਹਨ, ਉਹ ਇਸ ਪ੍ਰਕਾਰ ਹਨ : -

੧. ਜਨਮਸਾਖੀ ਭਾਈ ਬਾਲਾ ਅਨੁਸਾਰ ਬਾਬਰ ਨੇ ਗੁਰੂ ਨਾਨਕ ਦੇਵ ਜੀ ਨੂੰ ਭੰਗ ਪੇਸ਼ ਕੀਤੀ ਸੀ, ਜਿਸ ਤੋਂ ਖ਼ੁਸ਼ ਹੋ ਕੇ ਗੁਰੂ ਸਾਹਿਬ ਨੇ ਬਾਬਰ ਨੂੰ ਸਤ ਪੁਸ਼ਤਾਂ ਤਕ ਰਾਜ ਕਰਨ ਦਾ ਵਰਦਾਨ ਦਿੱਤਾ ਸੀ । ਗੁਰੂ ਸਾਹਿਬ ਨੇ ਇਸ ਮੌਕੇ 'ਤੇ ਇੱਕ ਸ਼ਬਦ ਉਚਾਰਨ ਕੀਤਾ ਸੀ, ਜਿਸ ਵਿੱਚ ਉਨ੍ਹਾਂ ਨੇ ਭੰਗ ਦਾ ਖੰਡਨ ਨਹੀਂ ਕੀਤਾ । ਜਦੋਂ ਯੋਗੀ ਝੰਗਰਨਾਥ ਨੇ ਗੁਰੂ ਸਾਹਿਬ ਜੀ ਨੂੰ ਮੱਦ ਦਾ ਪਿਆਲਾ ਪੇਸ਼ ਕੀਤਾ, ਤਾਂ ਮਹਾਰਾਜ ਜੀ ਨੇ ਇੱਕ ਸ਼ਬਦ ਦਾ ਗਾਇਨ ਕੀਤਾ, ਜਿਸ ਵਿੱਚ ਮੱਦ ਪੀਣ ਦਾ ਖੰਡਨ ਕੀਤਾ ਗਿਆ ਸੀ ।
੨. ਗੁਰੂਸਰ ਸਤਲਾਣੀ ਵਾਲੇ ਮਹੰਤ ਨੇ ਅੰਗਰੇਜ਼ਾਂ ਤੋਂ ਸੁਖਨਿਧਾਨ ਦਾ ਲਾਇਸੈਂਸ ਲਿਆ ਸੀ ।
੩. ਅੰਮ੍ਰਿਤਸਰ ਸਾਹਿਬ, ਤਰਨਤਾਰਨ, ਸ੍ਰੀ ਅਨੰਦਪੁਰ ਸਾਹਿਬ ਆਦਿ ਵਿਖੇ ਸੁਖਨਿਧਾਨ ਦਾ ਭੋਗ ਲੱਗਦਾ ਹੈ ।
੪. ਬੁੱਢਾ ਦਲ ਦੇ ਨਿਹੰਗ ਸਿੰਘ ਸੁਖਨਿਧਾਨ ਦਾ ਭੋਗ ਲਗਾਉਂਦੇ ਹਨ ।
੬. ਸੂਰਜ ਪ੍ਰਕਾਸ਼ ਵਿੱਚ ਕਈ ਜਗ੍ਹਾ ਸੁਖਨਿਧਾਨ ਦਾ ਜ਼ਿਕਰ ਆਇਆ ਹੈ ।

੭. ਸ਼ਹੀਦੀ ਬਾਗ਼, ਸ੍ਰੀ ਅਨੰਦਪੁਰ ਸਾਹਿਬ ਵਿੱਚ ਮਹਾਰਾਜ ਜੀ ਦੇ ਵਕਤ ਦਾ ਇੱਕ ਛੋਟਾ ਕਮਰਾ ਜ਼ਮੀਨ ਹੇਠੋਂ ਨਿਕਲਿਆ ਹੈ, ਜਿਸ ਵਿੱਚ ਵੱਡੇ-ਵੱਡੇ ਸੁਨਿਹਰੇ ਹਨ। ਇਹ ਸਿੱਧ ਕਰਦੇ ਹਨ ਕਿ ਗੁਰੂ ਸਾਹਿਬ ਜੀ ਦੇ ਵਕਤ ਸੁਖਨਿਧਾਨ ਦੇ ਰਗੜੇ ਲੱਗਦੇ ਸਨ ਤੇ ਇਸ ਦਾ ਭੋਗ ਲਗਾਇਆ ਜਾਂਦਾ ਸੀ।

੮. 'ਖ਼ਾਲਸਾ ਧਰਮ ਸ਼ਾਸ਼ਤਰ' ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਉਦਾਸੀ ਦੂਰ ਕਰਨ ਲਈ ਅਮਲ ਖਾਇਆ ਕਰੋ। ਸਵਾ ਰੱਤੀ ਛਤਰਧਾਰਾ ਅਤੇ ਸਵਾ ਮਾਸੇ ਤਕ ਸੁਖਨਿਧਾਨ ਦੀ ਮਾਤਰਾ ਨਿਸ਼ਚਿਤ ਕਰ ਦਿੱਤੀ ਸੀ।

੯. ਸਾਰੀਆਂ ਸਿੱਖੀ ਰਹਿਤਾਂ ਗੁਰੂ-ਇਤਿਹਾਸ ਅਤੇ ਰਹਿਤਨਾਮਿਆਂ ਤੋਂ ਹੀ ਪਤਾ ਲੱਗਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਤੋਂ ਰਹਿਤਾਂ ਦਾ ਪਤਾ ਨਹੀਂ ਲੱਗਦਾ।

ਹੁਣ ਅਸੀਂ ਇਨ੍ਹਾਂ ਕਾਰਣਾਂ ਜਾਂ ਦਲੀਲਾਂ ਦੀ ਸਿਲਸਿਲੇਵਾਰ ਵੀਚਾਰ ਕਰੀਏ : -

ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ ਮੁੱਖ ਦਲੀਲ ਇਹ ਦਿੱਤੀ ਹੈ ਕਿ ਜਨਮਸਾਖੀ ਭਾਈ ਬਾਲਾ ਅਨੁਸਾਰ ਬਾਬਰ ਨੇ ਗੁਰੂ ਨਾਨਕ ਦੇਵ ਜੀ ਨੂੰ ਭੰਗ ਪੇਸ਼ ਕੀਤੀ ਸੀ, ਜਿਸ ਤੋਂ ਖ਼ੁਸ਼ ਹੋ ਕੇ ਗੁਰੂ ਸਾਹਿਬ ਨੇ ਬਾਬਰ ਨੂੰ ਸਤ ਪੁਸ਼ਤਾਂ ਤਕ ਰਾਜ ਕਰਨ ਦਾ ਵਰਦਾਨ ਦਿੱਤਾ ਸੀ। ਗੁਰੂ ਸਾਹਿਬ ਨੇ ਇਸ ਮੌਕੇ 'ਤੇ ਇੱਕ ਸ਼ਬਦ ਉਚਾਰਨ ਕੀਤਾ ਸੀ, ਜਿਸ ਵਿੱਚ ਉਨ੍ਹਾਂ ਨੇ ਭੰਗ ਦਾ ਖੰਡਨ ਨਹੀਂ ਕੀਤਾ। ਜਦੋਂ ਯੋਗੀ ਝੰਗਰਨਾਥ ਨੇ ਗੁਰੂ ਸਾਹਿਬ ਜੀ ਨੂੰ ਮੱਦ ਦਾ ਪਿਆਲਾ ਪੇਸ਼ ਕੀਤਾ, ਤਾਂ ਮਹਾਰਾਜ ਜੀ ਨੇ ਇੱਕ ਸ਼ਬਦ ਦਾ ਗਾਇਨ ਕੀਤਾ, ਜਿਸ ਵਿੱਚ ਮੱਦ ਪੀਣ ਦਾ ਖੰਡਨ ਕੀਤਾ ਗਿਆ ਸੀ।

'ਜਨਮਸਾਖੀ ਭਾਈ ਬਾਲਾ' ਦਾ ਹਵਾਲਾ ਦੇ ਕੇ ਸਿੰਘ ਸਾਹਿਬ ਜੀ ਨੇ ਇਹ ਤਾਂ ਸਪਸ਼ਟ ਕਰ ਹੀ ਦਿੱਤਾ ਹੈ ਕਿ ਸੁੱਖ-ਨਿਧਾਨ ਅਤੇ ਭੰਗ ਸਮਾਨ-ਅਰਥਕ ਹਨ, ਕਿਉਂਕਿ ਸੰਬੰਧਿਤ ਸਾਖੀ ਵਿੱਚ ਲਫ਼ਜ਼ 'ਸੁੱਖ-ਨਿਧਾਨ' ਕਿਤੇ ਵੀ ਨਹੀਂ ਵਰਤਿਆ ਗਿਆ, ਬਲਕਿ ਲਫ਼ਜ਼ 'ਭੰਗ' ਦਾ ਇਸਤੇਮਾਲ ਕੀਤਾ ਗਿਆ ਹੈ।

ਸਿੰਘ ਸਾਹਿਬ ਜੀ ਦਾ ਇਹ ਲਿੱਖਣਾ ਤੱਥ ਦੇ ਬਿਲਕੁਲ ਉਲਟ ਹੈ ਕਿ 'ਜਨਮਸਾਖੀ ਭਾਈ ਬਾਲਾ' ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਬਾਬਰ ਵੱਲੋਂ ਭੰਗ ਪੇਸ਼ ਕੀਤੇ ਜਾਣ ਤੋਂ ਖ਼ੁਸ਼ ਹੋ ਕੇ ਬਾਬਰ ਨੂੰ ਸੱਤ ਪੁਸ਼ਤਾਂ ਤਕ ਰਾਜ ਕਰਨ ਦਾ ਵਰਦਾਨ ਦਿੱਤਾ ਸੀ। 'ਜਨਮਸਾਖੀ ਭਾਈ ਬਾਲਾ' ਅਨੁਸਾਰ ਬਾਬਰ ਨੇ ਗੁਰੂ ਜੀ ਭੰਗ ਪੇਸ਼ ਤਾਂ ਕੀਤੀ ਸੀ, ਪਰ ਭੰਗ ਪੇਸ਼ ਕੀਤੇ ਜਾਣ ਕਾਰਣ ਗੁਰੂ ਨਾਨਕ ਦੇਵ ਜੀ ਦੇ ਖ਼ੁਸ਼ ਹੋਣ ਦਾ ਜ਼ਿਕਰ ਨਹੀਂ ਹੈ। 'ਜਨਮਸਾਖੀ ਭਾਈ ਬਾਲਾ' ਗੁਰੂ ਜੀ ਦੇ ਖ਼ੁਸ਼ ਹੋਣ ਦਾ ਜ਼ਿਕਰ ਕਰਦੀ ਤਾਂ ਹੈ, ਪਰ ਇਸ ਦਾ ਕਾਰਣ ਬਾਬਰ ਵੱਲੋਂ ਉਨ੍ਹਾਂ ਨੂੰ ਭੰਗ ਪੇਸ਼ ਕੀਤੀ ਜਾਣੀ ਨਹੀਂ ਹੈ। ਗੁਰੂ ਜੀ ਤਾਂ ਉਦੋਂ ਖ਼ੁਸ਼ ਹੁੰਦੇ ਦੱਸੇ ਹਨ, ਜਦੋਂ ਉਨ੍ਹਾਂ ਦੇ ਕਹਿਣ 'ਤੇ ਬਾਬਰ ਬੰਦੀਆਂ ਨੂੰ ਰਿਹਾ ਕਰ ਦਿੰਦਾ ਹੈ।

ਇੱਥੇ ਉਚਿਤ ਹੋਏਗਾ, ਜੇ ਅਸੀਂ 'ਜਨਮਸਾਖੀ ਭਾਈ ਬਾਲਾ' ਵਿੱਚ ਦਰਜ ਸੰਬੰਧਿਤ ਮੂਲ ਪਾਠ ਪੜ੍ਹ ਲਈਏ। 'ਜਨਮਸਾਖੀ ਭਾਈ ਬਾਲਾ' ਵਿੱਚੋਂ ਸੰਬੰਧਿਤ ਪੰਕਤੀਆਂ ਇਸ ਪ੍ਰਕਾਰ ਹਨ : -

...ਮੀਰ ਬਾਬਰ ਦਿਨ ਕਉ ਪਾਤਸ਼ਾਹੀ ਕਰਦਾ ਸੀ ਅਤੇ ਰਾਤ ਕੋ ਪੈਰੀਂ ਸੰਗਲ ਘੱਤ ਕੇ ਬੰਦਗੀ ਕਰਦਾ ਸੀ । ਸੁਬਹ ਨੂੰ ਨਮਾਜ਼ ਕਰਦਾ ਸੀ ਅਤੇ ਤਰੀਹ ਸਿਪਾਰੇ ਕੁਰਾਨ ਦੇ ਪੜ੍ਹਦਾ ਸੀ, ਤਾਂ ਪਿਛੇ ਭੰਗ ਖਾਂਦਾ ਸੀ । ਜਾਂ ਲਸਕਰ ਵਿਚ ਗੁਰੂ ਬਾਬਾ ਜੀ ਲਗੇ ਫਿਰਨ, ਤਾਂ ਬੰਦੀਵਾਨਾਂ ਵੱਲ ਦੇਖ ਕਰ ਸ੍ਰੀ ਬਾਬੇ ਜੀ ਕਉ ਤਰਸ ਆਯਾ, ਤਾਂ ਕਹਿਆ ਮਰਦਾਨਾ ਰਬਾਬ ਵਜਾਉ । ਤਾਂ ਮਰਦਾਨੇ ਰਬਾਬ ਵਜਾਯਾ । ਗੁਰੂ ਜੀ ਸ਼ਬਦ ਉਚਾਰਿਆ ॥

ਆਸਾ [1] ਮਹਲਾ ੧ ॥ ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥ ੧ ॥ ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤ ੀ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥ ੨ ॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥ ੩ ॥ ੫ ॥ ੩੯ ॥ [2]

ਜਾਂ ਏਹ ਸ਼ਬਦ ਮੀਰ ਬਾਬਰ ਨੇ ਸੁਣਿਆ, ਤਾਂ ਕਹਿਓਸੁ, "ਯਾਰੋ, ਇਸ ਫ਼ਕੀਰ ਕਉ ਲੈ ਆਉ" । ਤਾਂ ਸ਼ਾਹੀ ਆਦਮੀਆਂ ਆਇਕਰ ਸ੍ਰੀ ਬਾਬੇ ਜੀ ਕੋ ਹਾਜ਼ਰ ਜਾਇ ਕੀਤਾ । ਤਾਂ ਮੀਰ ਬਾਬਰ ਨੇ ਕਹਿਆ, "ਹੇ ਫ਼ਕੀਰ, ਏਹ ਅਵਾਜ ਫੇਰ ਸੁਣਾਉ ।" ਤਾਂ ਸ੍ਰੀ ਬਾਬੇ ਜੀ ਫੇਰ ਓਹ ਸ਼ਬਦ ਸੁਣਾਯਾ । ਤਾਂ ਮੀਰ ਬਾਬਰ ਕਹਿਆ, "ਯਾਰੋ, ਏਹ ਤਾਂ ਭਲਾ ਫ਼ਕੀਰ ਹੈ ।" ਤਬ ਪਾਤਸ਼ਾਹ ਨੇ ਭੰਗ ਵਾਲਾ ਚਮਚਾ ਅੱਗੇ ਰੱਖਿਆ ਅਤੇ ਮੂੰਹੋਂ ਮੀਰ ਬਾਬਰ ਕਹਿਆ, "ਫ਼ਕੀਰ ਜੀ, ਭੰਗ ਖਾਹੁ ।" ਤਾਂ ਗੁਰੂ ਜੀ ਕਹਿਆ, "ਮੀਰ ਜੀ, ਮੈਂ ਭੰਗ ਖਾਧੀ ਹੈ, ਜਿਸ ਦਾ ਅਮਲ ਕਦੇ ਨਹੀਂ ਉਤਰਦਾ ।" ਤਾਂ ਮੀਰ ਬਾਬਰ ਕਹਿਆ, "ਓਹ ਭੰਗ ਕੌਣ ਹੈ, ਜਿਸ ਦਾ ਅਮਲ ਕਦੇ ਨਹੀਂ ਉਤਰਦਾ ?" ਤਾਂ ਸ੍ਰੀ ਬਾਬੇ ਜੀ ਕਹਿਆ, "ਮਰਦਾਨਾ, ਰਬਾਬ ਵਜਾਉ ।" ਤਾਂ ਮਰਦਾਨੇ ਰਬਾਬ ਵਜਾਇਆ, ਤਾਂ ਸ੍ਰੀ ਗੁਰੂ ਜੀ ਸ਼ਬਦ ਉਚਾਰਿਆ॥

ਤਿਲੰਗ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥ ੧ ॥ ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ

---

[1] ਭਾਈ ਬਾਲੇ ਵਾਲੀ ਜਨਮਸਾਖੀ ਵਿੱਚ ਰਾਗ ਤਿਲੰਗ ਲਿੱਖਿਆ ਹੈ ।

[2] ਪੰਨਾ ੩੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਪਾਇ ॥ ੧ ॥ ਰਹਾਉ ॥ ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ੨ ॥ ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥ ੩ ॥ ੧ ॥ ੨ ॥ [੩]

ਜਾਂ ਏਹ ਸ਼ਬਦ ਮੀਰ ਬਾਬਰ ਸੁਣਿਆ, ਤਾਂ ਬਹੁਤ ਖ਼ੁਸ਼ ਹੋਯਾ ਅਤੇ ਕਹਿਓਸ, "ਅਜੀ ਫ਼ਕੀਰ ਜੀ, ਸਾਡੀ ਜੋ ਭੰਗ ਹੈ, ਸੋ ਕੂੰਡੇ ਡੰਡੇ ਨਾਲ ਜਦ ਘੋਟ ਕੇ ਪੀਂਦੇ ਹਾਂ, ਤਾਂ ਅਮਲ ਚੜ੍ਹਦਾ ਹੈ ਤੇ ਤੁਸੀਂ ਤਾਂ ਫ਼ਕੀਰ ਦੇਸ ਪਰਦੇਸ ਪਏ ਫਿਰਦੇ ਹੋ । ਤੁਸੀ ਕਾਹਦੇ ਵਿੱਚ ਘੋਟ ਕੇ ਪੀਂਦੇ ਹੋ ? ਤਾਂ ਸ੍ਰੀ ਗੁਰੂ ਨਾਨਕ ਜੀ ਸ਼ਬਦ ਉਚਾਰਿਆ ॥

ਭਉ ਕੀ ਭਾਂਗ ਸਿਫ਼ਤ ਕਾ ਕੂੰਡਾ ਗਿਆਨ ਕਾ ਕੀਆ ਡੰਡਾ ॥ ਸੱਚ ਸ਼ਬਦ ਅੰਮ੍ਰਿਤ ਮਥ ਪੀਆ ਤਬ ਹੂਆ ਅਮਲ ਅਖੰਡਾ ॥੧॥ ਬਾਬਰ ਕਲੰਦਰ ਪਿਆਲਾ ਪੀਓ ॥ ਉਤਰ ਨ ਜਾਵੈ ਕਬਹੂ ਖੀਓ ॥ [੪]

ਜਾਂ ਏਹ ਸ਼ਬਦ ਸੁਣਿਆਂ, ਤਾਂ ਬਾਬਰ ਨੇ ਜਾਣਿਆ ਜੋ ਏਹ ਕੋਈ ਪੂਰਨ ਸਾਧੂ ਹੈ । ਤਬ ਫੇਰ ਆਖਿਓਸ, "ਜੀ, ਕੁਛ ਮੰਗ ਲੈ । ਮੈਂ ਜਾਗੀਰ ਦੇ ਦੇਵਾਂ ਯਾ ਹੋਰ ਜੋ ਚਾਹੀਏ, ਸੋ ਲਵੋ, ਤਾਂ ਸ੍ਰੀ ਗੁਰੂ ਨਾਨਕ ਜੀ ਸ਼ਬਦ ਉਚਾਰਿਆ ॥

ਐਮਾਦੀਆ ਏਕ ਖੁਦਾਇ ॥ ਜਿਸ ਕਾ ਦੀਆ ਸਭ ਕੋਈ ਖਾਇ ॥੧॥ ਇਕ ਦਾਤਾ ਸਭ ਜਗਤ ਭਿਖਾਰੀ ॥ ਤਿਸ ਕਉ ਛਾਡ ਅਵਰ ਕਉ ਮਾਂਗੈ ਤਿਨ ਅਪਨੀ ਸਗਲੀ ਪਤਿ ਹਾਰੀ ॥੧॥ ਰਹਾਉ ॥ ਸ਼ਾਹ ਬਾਦਸ਼ਾਹ ਸਭ ਤਿਸ ਕੇ ਕੀਏ ॥ ਤਿਸ ਕੇ ਸਾਥ ਨਾ ਕੋ ਰਲੀਏ ॥੨॥ ਮਾਨੁਖ ਕੀ ਜੋ ਲੇਵੇ ਓਟ ॥ ਦੀਨ ਦੁਨੀਆਂ ਹੈ ਤਾਂ ਕਉ ਤੋਟ ॥੩॥ ਕਹਿ ਨਾਨਕ ਸੁਨ ਬਾਬਰ ਮੀਰ ॥ ਤੁਝ ਤੇ ਮਾਂਗੈ ਸੋ ਅਹਿਮਕ ਫ਼ਕੀਰ ॥੪॥ [੫]

ਜਾਂ ਏਹ ਸ਼ਬਦ ਬਾਬਰ ਨੇ ਸੁਨਿਆ, ਤਾਂ ਦਿਲ ਵਿਚ ਜਾਣਿਆ, ਜੋ ਏਹ ਸੱਚਾ ਫ਼ਕੀਰ ਹੈ । ਇਸ ਪਾਸੋਂ ਖ਼ੁਦਾਇ ਦਾ ਰਾਹ ਪੁਛੀਏ । ਤਾਂ ਆਖਿਓਸ, "ਜੀ ਸਾਡੇ ਮਤ ਵਿਚ ਤਾਂ ਐਸਾ ਕਿਹਾ ਹੈ ਕਿ ਜੋ ਨਬੀ ਮੁਹੰਮਦ ਖ਼ੁਦਾਇ ਦਾ ਦੋਸਤ ਹੈ । ਓਹ ਸਾਡੀ ਸਿਫ਼ਾਰਸ਼ ਕਰੇਗਾ, ਤਾਂ

---

[੩] ਪੰਨਾ ੭੨੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੪] ਇਹ ਗੁਰਬਾਣੀ ਨਹੀਂ ਹੈ । ਕੱਚੀ ਬਾਣੀ ਨੂੰ ਗੁਰਬਾਣੀ ਸਮਝ ਕੇ ਪੇਸ਼ ਕਰਨ ਵਾਲਾ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਸੰਗੀ ਨਹੀਂ ਹੋ ਸਕਦਾ । ਜ਼ਾਹਿਰ ਹੈ ਕਿ ਭਾਈ ਬਾਲੇ ਵਾਲੀ ਜਨਮਸਾਖੀ ਬਹੁਤ ਬਾਅਦ ਵਿੱਚ ਲਿੱਖੀ ਗਈ ਹੈ ਤੇ ਇਸ ਦੀ ਭਰੋਸੇਯੋਗਤਾ ਨੂੰ ਵਧਾਉਣ ਲਈ ਇਸ ਨਾਲ ਗੁਰੂ ਅੰਗਦ ਦੇਵ ਜੀ ਅਤੇ ਬਾਲੇ ਦਾ ਨਾਮ ਜੋੜ ਦਿੱਤਾ ਗਿਆ ਹੈ ।

[੫] ਇਹ ਗੁਰਬਾਣੀ ਨਹੀਂ ਹੈ ।

ਅਸੀਂ ਬਹਿਸ਼ਤ ਨੂੰ ਜਾਵਾਂਗੇ ਤੇ ਤੁਹਾਡੇ ਮਤ ਵਿੱਚ ਕੀ ਸਹੀ ਕੀਤਾ ਹੈ ?" ਤਾਂ ਸ੍ਰੀ ਗੁਰੂ ਜੀ ਸ਼ਬਦ ਉਚਾਰਿਆ ॥

ਏਕੋ ਸਾਹਿਬ ਏਕ ਖ਼ੁਦਾਇ ॥ ਖ਼ਾਲਕ ਸੱਚਾ ਬੇਪਰਵਾਹ ॥ ਕਈ ਮੁਹੰਮਦ ਖੜੇ ਦਰਬਾਰ ॥ ਪਾਰ ਨ ਪਾਵਹਿ ਬੇਸ਼ੁਮਾਰ ॥ ਰਸੂਲ ਰਸਾਲ ਦੁਨੀਆਂ ਮੇਂ ਆਯਾ ॥ ਜਬ ਚਾਹਿਆ ਤਬ ਪਕੜ ਮੰਗਾਇਆ ॥ ਇਉ ਸਹੀ ਕੀਆ ਹੈ ਨਾਨਕ ਬੰਦੇ ॥ ਪਾਕ ਖ਼ੁਦਾਇ ਔਰ ਸਭ ਗੰਦੇ ॥ [੬]

ਏਹ ਸ਼ਬਦ ਸੁਣ ਕੇ ਮੀਰ ਬਾਬਰ ਚੁਪ ਕਰ ਰਹਿਆ ਤੇ ਸੋਚਦਾ ਰਹਿਆ । ਤਾਂ ਸ੍ਰੀ ਗੁਰੂ ਜੀ ਨੇ ਓਨਾਂ ਬੰਦੀਵਾਨਾਂ ਦੀ ਹਾਲਤ ਦੇਖ ਕਰ ਮਨ ਵਿਚ ਰਹਿਮ ਕੀਤਾ ਤੇ ਕਹਿਆ ਮਰਦਾਨਾ ਰਬਾਬ ਵਜਾਉ । ਤਾਂ ਮਰਦਾਨੇ ਰਬਾਬ ਵਜਾਇਆ । ਤਾਂ ਗੁਰੂ ਜੀ ਸ਼ਬਦ ਉਚਾਰਿਆ ॥ ਰਾਗ ਆਸਾ ਵਿਚ ।

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩ ੴ ਸਤਿਗੁਰ ਪ੍ਰਸਾਦਿ ॥
ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥ ੧ ॥ ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥ ੧ ॥ ਰਹਾਉ ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥ ੨ ॥ ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥ ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥ ੩ ॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥ ੪ ॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ ੫ ॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥ ੬ ॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥ ੭ ॥ ੧੧ ॥ [੭]

---

[੬] ਇਹ ਗੁਰਬਾਣੀ ਨਹੀਂ ਹੈ ।

[੭] ਪੰਨਾ ੪੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

> ਜਾਂ ਇਹ ਸ਼ਬਦ ਸ੍ਰੀ ਗੁਰੂ ਜੀ ਕਹਿਆ, ਤਾਂ ਸ੍ਰੀ ਬਾਬਾ ਜੀ ਹਾਲਤ ਵਿਚ ਆਇ ਗਿਆ ਅਤੇ ਢਹਿ ਪਿਆ। ਤਾਂ ਮੀਰ ਬਾਬਰ ਨੇ ਕਹਿਆ, "ਅਰੇ ਇਸ ਫ਼ਕੀਰ ਨੂੰ ਕਿਆ ਹੂਆ ? ਇਸ ਦੀ ਖ਼ਬਰ ਲੇਵੋ।" ਤਾਂ ਲੋਕਾਂ ਆਖਿਆ, "ਜੀ ਦਰਦਵੰਦ ਫ਼ਕੀਰ ਹੈ, ਪਰ ਵਿਚ ਹਾਲਤ ਦੇ ਆਯਾ ਹੈ।" ਤਾਂ ਮੀਰ ਬਾਬਰ ਨੇ ਕਹਿਆ, "ਯਾਰੋ, ਖ਼ੁਦਾਇ ਦੇ ਅੱਗੇ ਦੁਆਇ ਕਰੋ, ਜੋ ਏਹ ਫ਼ਕੀਰ ਖੜਾ ਹੋਵੇ।" ਤਾਂ ਸ੍ਰੀ ਬਾਬਾ ਜੀ ਉਠ ਖੜੇ ਹੋਏ। ਤਾਂ ਮੀਰ ਬਾਬਰ ਨੇ ਕਹਿਆ, "ਹੇ ਫ਼ਕੀਰ ਜੀ, ਮੇਰੇ ਉਪਰ ਮੇਹਰਬਾਨੀ ਕਰੋ ਜੀ।" ਤਾਂ ਸ੍ਰੀ ਗੁਰੂ ਜੀ ਕਹਿਆ, "ਜੇਕਰ ਮੇਹਰ ਚਾਹਤਾ ਹੈਂ, ਤਾਂ ਬੰਦੀਵਾਨ ਛੋਡ ਦੇਹ। ਆਪ ਕਹੁ ਜੋ ਕਿਆ ਚਾਹਤਾ ਹੈਂ ?" ਤਾਂ ਮੀਰ ਬਾਬਰ ਨੇ ਕਹਿਆ, "ਜੀ ਮੇਰੀ ਪਾਤਸ਼ਾਹੀ ਕੁਰਸੀ-ਬ-ਕੁਰਸੀ ਚਲੇ ਜੀ।" ਤਾਂ ਗੁਰੂ ਜੀ ਕਹਿਆ, "ਜਾਹ, ਤੇਰੀ ਪਾਤਸ਼ਾਹੀ ਬਹੁਤ ਚਿਰ ਚਲੇਗੀ।" ਤਾਂ ਮੀਰ ਬਾਬਰ ਨੇ ਬੰਦੀਵਾਨ ਸਭ ਖਲਾਸ ਕੀਤੇ। ਸਭਨਾਂ ਨੂੰ ਕਪੜੇ ਪਹਿਨਾਇ ਕਰ ਰੁਖ਼ਸਦ ਕੀਤਾ। ਤਾਂ ਬਾਬਾ ਜੀ ਬੜੇ ਪਰਸੰਨ ਹੋਏ। ਤਾਂ ਸ੍ਰੀ ਬਾਬਾ ਜੀ ਬਾਬਰ ਪਾਸੋਂ ਚਲਦੇ ਰਹੇ। ਤਾਂ ਸ੍ਰੀ ਗੁਰੂ ਜੀ ਸੈਦਪੁਰੋਂ ਪਰਤ ਕੇ ਵਤ ਰਾਵੀ ਦੇ ਕੰਢੇ ਕੰਢੇ ਮੁੜ ਕਰਤਾਰਪੁਰ ਆਇ ਪ੍ਰਾਪਤ ਹੂਏ। ਤਾਂ ਸ੍ਰੀ ਬਾਬਾ ਜੀ ਕੋਈ ਕਾਲ ਕਰਤਾਰਪੁਰ ਟਿਕੇ॥ ਬੋਲਹੁ ਭਾਈ ਜੀ ਵਾਹਿਗੁਰੂ ॥੧੦੮॥ [੮]

ਇਸ ਪ੍ਰਕਾਰ, ਅਸੀਂ ਦੇਖਦੇ ਹਾਂ ਕਿ ਗੁਰੂ ਜੀ ਦੇ ਪ੍ਰਸੰਨ ਹੋਣ ਦਾ ਇੱਕੋ-ਇੱਕ ਕਾਰਣ ਇਹ ਸੀ ਕਿ ਉਨ੍ਹਾਂ ਦੇ ਕਹਿਣ 'ਤੇ ਬਾਬਰ ਨੇ ਬੰਦੀ ਬਣਾਏ ਗਏ ਲੋਕਾਂ ਨੂੰ ਰਿਹਾ ਕਰ ਦਿੱਤਾ ਤੇ ਕਪੜੇ ਦੇ ਕੇ ਵਿਦਾ ਕੀਤਾ।

ਪੂਰੀ ਸਾਖੀ ਵਿੱਚ ਇਹ ਕਿਤੇ ਵੀ ਨਹੀਂ ਲਿੱਖਿਆ ਕਿ ਬਾਬਰ ਵੱਲੋਂ ਭੰਗ ਪੇਸ਼ ਕੀਤੇ ਜਾਣ 'ਤੇ ਗੁਰੂ ਜੀ ਖ਼ੁਸ਼ ਹੋਏ। ਗੁਰੂ ਜੀ ਨੇ ਬਾਬਰ ਵੱਲੋਂ ਪਰੋਸੀ ਗਈ ਭੰਗ ਸਵੀਕਾਰ ਨਹੀਂ ਕੀਤੀ। ਇਸ ਦਾ ਕੇਵਲ ਇੱਕੋ ਹੀ ਭਾਵ ਕੱਢਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਜੀ ਭੰਗ ਪੀਣ ਦੇ ਹੱਕ ਵਿੱਚ ਨਹੀਂ ਸਨ। ਜੇ ਉਹ ਭੰਗ ਪੀਣ ਦੇ ਹੱਕ ਵਿੱਚ ਹੁੰਦੇ, ਤਾਂ ਬਾਬਰ ਵੱਲੋਂ ਪੇਸ਼ ਕੀਤੀ ਗਈ ਭੰਗ ਪੀ ਲੈਂਦੇ।

ਇਸ ਤਰ੍ਹਾਂ, ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਵੱਲੋਂ ਭਾਈ ਬਾਲੇ ਵਾਲੀ ਜਨਮਸਾਖੀ ਨੂੰ ਬਿਲਕੁਲ ਹੀ ਗ਼ਲਤ ਢੰਗ ਨਾਲ ਬਿਆਨ ਕੀਤਾ ਗਿਆ ਹੈ।

ਸਿੰਘ ਸਾਹਿਬ ਜੀ ਨੇ ਦੂਜੀ ਦਲੀਲ ਇਹ ਦਿੱਤੀ ਹੈ ਕਿ ਗੁਰੂਸਰ ਸਤਲਾਣੀ ਵਾਲੇ ਮਹੰਤ ਨੇ ਅੰਗਰੇਜ਼ਾਂ ਤੋਂ ਸੁਖਨਿਧਾਨ ਦਾ ਲਾਇਸੈਂਸ ਲਿਆ ਸੀ।

---

[੮] ਭਾਈ ਬਾਲੇ ਵਾਲੀ ਜਨਮਸਾਖੀ, ਪੰਨਾ ੪੦੦ ਤੋਂ ੪੦੨, ਪ੍ਰਕਾਸ਼ਕ: ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼।

ਯੁੱਧ ਵਿੱਚ ਆਪਣੇ ਵਤਨੀ-ਭਾਈਆਂ ਦੀ ਜਗ੍ਹਾ ਵਿਦੇਸ਼ੀ ਹੁਕਮਰਾਨਾਂ ਦੀ ਫ਼ਤਹਿ ਦੀ ਕਾਮਨਾ ਕਰਨ ਵਾਲਾ ਕੋਈ ਮਹੰਤ, ਚਾਹੇ ਅਨੇਕ ਲੋਕ ਉਸ ਦੇ ਸ਼ਰਧਾਲੂ ਹੋਣ, ਸਿੱਖਾਂ ਦਾ ਆਦਰਸ਼ ਕਿਵੇਂ ਹੋ ਸਕਦਾ ਹੈ ? ਫਿਰ, ਅੰਗਰੇਜ਼ਾਂ ਦੇ ਵਕਤ ਕਿਸੇ ਮਹੰਤ ਵੱਲੋਂ ਸੁਖਨਿਧਾਨ ਦਾ ਲਾਇਸੈਂਸ ਪ੍ਰਾਪਤ ਕਰਨ ਨਾਲ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਲਗਾਏ ਜਾ ਰਹੇ ਸੁਖਨਿਧਾਨ ਦੇ ਭੋਗ ਦੀ ਮਰਯਾਦਾ ਦੀ ਪੁਰਾਤਨਤਾ ਕਿਵੇਂ ਸਿੱਧ ਹੋ ਜਾਂਦੀ ਹੈ ?

ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ ਤੀਜੀ ਦਲੀਲ ਇਹ ਦਿੱਤੀ ਹੈ ਕਿ ਅੰਮ੍ਰਿਤਸਰ ਸਾਹਿਬ, ਤਰਨਤਾਰਨ, ਸ੍ਰੀ ਅਨੰਦਪੁਰ ਸਾਹਿਬ ਆਦਿ ਵਿਖੇ ਸੁਖਨਿਧਾਨ ਦਾ ਭੋਗ ਲੱਗਦਾ ਹੈ ।

ਜਦੋਂ ਸਿੰਘ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਗਏ ਹੋਣਗੇ, ਤਦੋਂ ਉਥੇ ਕਿਸੇ ਜਗ੍ਹਾ ਜ਼ਰੂਰ ਸੁਖਨਿਧਾਨ ਤਿਆਰ ਕੀਤਾ ਜਾਂਦਾ ਹੋਏਗਾ, ਪਰ ਇਸ ਨਾਲ ਵੀ ਅਸਲ ਗੱਲ ਤਾਂ ਸਿੱਧ ਨਹੀਂ ਹੋ ਰਹੀ । ਭਲਾ ਅਜੋਕੇ ਸਮੇਂ ਵਿੱਚ ਹੋ ਰਹੀ ਕਿਸੇ ਗੱਲ ਦਾ ਹਵਾਲਾ ਦੇ ਕੇ ਉਸ ਨੂੰ 'ਪੁਰਾਤਨ' ਕਿਵੇਂ ਸਿੱਧ ਕੀਤਾ ਜਾ ਸਕਦਾ ਹੈ ? ਸਿੰਘ ਸਾਹਿਬ ਜੀ ਅੱਜ ਇਸ ਦੁਨੀਆਂ ਵਿੱਚ ਨਹੀਂ ਹਨ, ਨਹੀਂ ਤਾਂ ਉਹ ਇੱਕ ਗੁਰਦਵਾਰਾ ਸਾਹਿਬ ਵਿੱਚ ਅਫ਼ੀਮ ਦੀ ਖੇਤੀ ਹੋਣ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪੀਆਂ ਹੋਈਆਂ ਦੇਖਦੇ । ਕੀ ਅਜੋਕੇ ਸਮੇਂ ਕਿਸੇ ਗੁਰਦਵਾਰਾ ਸਾਹਿਬ ਵਿੱਚ ਅਫ਼ੀਮ ਦੀ ਖੇਤੀ ਹੋਣ ਦੇ ਤੱਥ ਨਾਲ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਗੁਰਦਵਾਰਾ ਸਾਹਿਬ ਵਿੱਚ ਅਫ਼ੀਮ ਦੀ ਖੇਤੀ ਕਰਨੀ 'ਪੁਰਾਤਨ' ਮਰਯਾਦਾ ਹੈ ?

ਸਿੰਘ ਸਾਹਿਬ ਜੀ ਦੀ ਅਗਲੀ ਦਲੀਲ ਇਹ ਹੈ ਕਿ ਬੁੱਢਾ ਦਲ ਦੇ ਨਿਹੰਗ ਸਿੰਘ ਸੁਖਨਿਧਾਨ ਦਾ ਭੋਗ ਲਗਾਉਂਦੇ ਹਨ ।

ਬੁੱਢਾ ਦਲ ਦੇ ਕੁੱਝ ਨਿਹੰਗਾਂ ਵੱਲੋਂ ਸੁਖਨਿਧਾਨ ਦਾ ਭੋਗ ਲਾਉਣ ਨਾਲ ਵੀ ਇਹ 'ਪੁਰਾਤਨ' ਮਰਯਾਦਾ ਸਿੱਧ ਨਹੀਂ ਹੋ ਜਾਂਦੀ । ਗਿਆਨੀ ਗਿਆਨ ਸਿੰਘ ਦੇ ਲਿਖੇ ਗ੍ਰੰਥ 'ਤਵਾਰੀਖ਼ ਗੁਰੂ ਖ਼ਾਲਸਾ' ਅਨੁਸਾਰ ਬੁੱਢਾ ਦਲ ਦੀ ਸਥਾਪਨਾ ਸਾਉਣ ਦੇ ਮਹੀਨੇ, ਸੰਮਤ ੧੭੯੧ ਬਿਕਰਮੀ ਵਿੱਚ ਹੋਈ ਹੈ [੯] । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਤੋਂ ਬਹੁਤ ਬਾਅਦ, ਸੰਮਤ ੧੭੯੧ ਬਿਕਰਮੀ (ਸੰਨ ੧੭੩੪ ਈਸਵੀ) ਵਿੱਚ ਸਥਾਪਿਤ ਹੋਈ ਕਿਸੇ ਜੱਥੇਬੰਦੀ ਦੀ ਅੱਜਕੱਲ ਪ੍ਰਚਲਿੱਤ ਕੋਈ ਮਰਯਾਦਾ ਕਿਸੇ ਪੁਰਾਣੇ ਗ੍ਰੰਥ ਦੀ ਗਵਾਹੀ ਤੋਂ ਬਿਨ੍ਹਾਂ 'ਪੁਰਾਤਨ' ਸਿੱਧ ਨਹੀਂ ਹੋ ਜਾਂਦੀ । ਉਦਾਹਰਣ ਵਜੋਂ, ਬੁੱਢਾ ਦਲ ਵਿੱਚ ਅੱਜਕੱਲ੍ਹ ਸ੍ਰੀ ਸਰਬਲੋਹ ਗ੍ਰੰਥ ਦਾ ਪ੍ਰਕਾਸ਼ ਵੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਬਰਾਬਰ ਕੀਤਾ ਜਾਣ ਲੱਗ ਪਿਆ ਹੈ । ਜ਼ਾਹਿਰ ਹੈ ਕਿ ਸ੍ਰੀ ਸਰਬਲੋਹ ਗ੍ਰੰਥ ਦਾ ਇੰਞ ਪ੍ਰਕਾਸ਼ ਕਰਨਾ ਕੋਈ ਪੁਰਾਤਨ ਮਰਯਾਦਾ ਨਹੀਂ, ਬਲਕਿ ਬਿਲਕੁਲ ਨਵੀਨ ਰੀਤੀ ਹੈ । ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਸ੍ਰੀ ਸਰਬਲੋਹ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ । ਕੀ ਸਰਬਲੋਹ ਗ੍ਰੰਥ ਦਾ ਪ੍ਰਕਾਸ਼ ਕਰਨ ਨੂੰ ਕੇਵਲ ਇਸਲਈ ਪੁਰਾਤਨ ਮਰਯਾਦਾ ਮੰਨਿਆ ਜਾ

---

[੯] 'ਤਵਾਰੀਖ਼ ਗੁਰੂ ਖ਼ਾਲਸਾ', ਭਾਗ ਦੂਜਾ, ਪੰਨਾ ੧੧੯, ਸਾਲ ੧੯੮੭, ਭਾਸ਼ਾ ਵਿਭਾਗ, ਪੰਜਾਬ ।

ਸਕਦਾ ਹੈ ਕਿ ਬੁੱਢਾ ਦਲ ਵਿੱਚ ਅੱਜਕੱਲ੍ਹ ਇਸ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ? ਜ਼ਾਹਿਰ ਹੈ ਕਿ ਬੁੱਢਾ ਦਲ ਦੀਆਂ ਸਾਰੀਆਂ ਰੀਤੀਆਂ ਹੀ ਪੁਰਾਤਨ ਨਹੀਂ ਹਨ। ਸੰਮਤ ੧੭੯੧ ਵਿੱਚ ਕੇਵਲ ਬੁੱਢਾ ਦਲ ਦੀ ਹੀ ਸਥਾਪਨਾ ਨਹੀਂ ਸੀ ਹੋਈ, ਬਲਕਿ ਨਾਲ ਹੀ ਤਰਨਾ ਦਲ ਦੀ ਸਥਾਪਨਾ ਵੀ ਹੋਈ ਸੀ। ਕੇਵਲ ਬੁੱਢਾ ਦਲ ਨੂੰ ਹੀ ਪੁਰਾਤਨ ਜੱਥੇਬੰਦੀ ਨਹੀਂ ਮੰਨਿਆ ਜਾ ਸਕਦਾ। ਵੈਸੇ ਵੀ, ਬੁੱਢਾ ਦਲ ਤੇ ਤਰਨਾ ਦਲ ਗੁਰੂ-ਕਾਲ ਵਿੱਚ ਕਾਇਮ ਕੀਤੀਆਂ ਗਈਆਂ ਜੱਥੇਬੰਦੀਆਂ ਨਹੀਂ ਹਨ।

ਸਿੰਘ ਸਾਹਿਬ ਜੀ ਦੀ ਇੱਕ ਦਲੀਲ ਇਹ ਹੈ ਕਿ ਸੂਰਜ ਪ੍ਰਕਾਸ਼ ਵਿੱਚ ਕਈ ਜਗ੍ਹਾ ਸੁਖਨਿਧਾਨ ਦਾ ਜ਼ਿਕਰ ਆਇਆ ਹੈ।

ਸੂਰਜ ਪ੍ਰਕਾਸ਼ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ) ਨੂੰ ਖ਼ੁਦ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਵੀ ਹਰ ਗੱਲ ਲਈ 'ਪ੍ਰਮਾਣ' ਨਾ ਮੰਨਦੇ। ਉਦਾਹਰਣ ਵਜੋਂ, ਇਹ ਗੁਰ ਪ੍ਰਤਾਪ ਸੂਰਜ ਗ੍ਰੰਥ ਹੀ ਹੈ, ਜੋ ਰਾਗਮਾਲਾ ਨੂੰ ਗੁਰੂ-ਕ੍ਰਿਤ ਨਹੀਂ ਮੰਨਦੀ। ਸਿੰਘ ਸਾਹਿਬ ਜੀ ਸ੍ਰੀ ਰਾਗਮਾਲਾ ਨੂੰ ਗੁਰੂ-ਕ੍ਰਿਤ ਮੰਨਦੇ ਸਨ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚਲੀ ਇੱਕ ਗੱਲ ਨੂੰ ਪ੍ਰਮਾਣ ਮੰਨ ਲੈਣਾ ਤੇ ਦੂਜੀ ਗੱਲ ਨੂੰ ਪ੍ਰਮਾਣ ਨਾ ਮੰਨਣਾ ਤਰਕਸੰਗਤ ਨਹੀਂ ਹੈ। ਕਿਸੇ ਗੱਲ ਦੀ ਇਤਿਹਾਸਿਕਤਾ ਸਿੱਧ ਕਰਨ ਲਈ ਕਈ ਗ੍ਰੰਥਾਂ ਦਾ ਗੰਭੀਰ ਅਧਿਐਨ ਕਰਕੇ ਹੀ ਨਤੀਜੇ ਕੱਢੇ ਜਾ ਸਕਦੇ ਹਨ।

ਸਿੰਘ ਸਾਹਿਬ ਜੀ ਨੇ ਇੱਕ ਦਲੀਲ ਇਹ ਵੀ ਦਿੱਤੀ ਹੈ ਕਿ ਸ਼ਹੀਦੀ ਬਾਗ਼, ਸ੍ਰੀ ਅਨੰਦਪੁਰ ਸਾਹਿਬ ਵਿੱਚ ਮਹਾਰਾਜ ਜੀ ਦੇ ਵਕਤ ਦਾ ਇੱਕ ਛੋਟਾ ਕਮਰਾ ਜ਼ਮੀਨ ਹੇਠੋਂ ਨਿਕਲਿਆ ਹੈ, ਜਿਸ ਵਿੱਚ ਵੱਡੇ-ਵੱਡੇ ਸੁਨਿਹਰੇ ਹਨ। ਇਹ ਸਿੱਧ ਕਰਦੇ ਹਨ ਕਿ ਗੁਰੂ ਸਾਹਿਬ ਜੀ ਦੇ ਵਕਤ ਸੁਖਨਿਧਾਨ ਦੇ ਰਗੜੇ ਲੱਗਦੇ ਸਨ ਤੇ ਇਸ ਦਾ ਭੋਗ ਲਗਾਇਆ ਜਾਂਦਾ ਸੀ।

ਕਿਸੇ ਪੁਰਾਣੇ ਕਮਰੇ ਵਿੱਚੋਂ ਵੱਡੇ-ਵੱਡੇ ਸੁਨਿਹਰਿਆਂ ਦਾ ਮਿਲਣਾ ਇਹ ਸਿੱਧ ਨਹੀਂ ਕਰਦਾ ਕਿ ਇਨ੍ਹਾਂ ਵਿੱਚ ਭੰਗ ਜਾਂ ਸੁਖਨਿਧਾਨ ਦੇ ਰਗੜੇ ਲੱਗਦੇ ਸਨ। ਜੇ ਕਿਸੇ ਪੁਰਾਣੇ ਕਮਰੇ ਵਿੱਚੋਂ ਵੱਡੇ-ਵੱਡੇ ਕੜਾਹੇ ਲੱਭ ਜਾਣ, ਤਾਂ ਇਹ ਕਿਵੇਂ ਸਿੱਧ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਕੜਾਹਿਆਂ ਵਿੱਚ ਕੇਵਲ ਅਤੇ ਕੇਵਲ ਕੜਾਹ ਹੀ ਤਿਆਰ ਕੀਤਾ ਜਾਂਦਾ ਸੀ, ਸਬਜ਼ੀ ਨਹੀਂ ? ਜੇ ਕਿਤੇ ਕਿਸੇ ਸਮੇਂ ਭੰਗ ਜਾਂ ਸੁਖਨਿਧਾਨ ਤਿਆਰ ਕੀਤੀ ਵੀ ਗਈ ਹੋਏ, ਤਾਂ ਇਹ ਸਿੱਧ ਕਰਨਾ ਬਿਲਕੁਲ ਅਸੰਭਵ ਹੈ ਕਿ ਇਸ ਦਾ ਭੋਗ ਗੁਰੂ ਸਾਹਿਬ ਜੀ ਵੱਲੋਂ ਲਗਾਇਆ ਗਿਆ।

ਸਿੰਘ ਸਾਹਿਬ ਜੀ ਦੀ ਇੱਕ ਦਲੀਲ ਇਹ ਹੈ ਕਿ 'ਖ਼ਾਲਸਾ ਧਰਮ ਸ਼ਾਸ਼ਤਰ' ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਉਦਾਸੀ ਦੂਰ ਕਰਨ ਲਈ ਅਮਲ ਖਾਇਆ ਕਰੋ। ਸਵਾ ਰੱਤੀ ਛਤਰਧਾਰਾ (ਅਫ਼ੀਮ) ਅਤੇ ਸਵਾ ਮਾਸੇ ਤਕ ਸੁਖਨਿਧਾਨ ਦੀ ਮਾਤਰਾ ਨਿਸ਼ਚਿਤ ਕਰ ਦਿੱਤੀ ਸੀ।

'ਖ਼ਾਲਸਾ ਧਰਮ ਸ਼ਾਸ਼ਤਰ' ਕੋਈ 'ਪੁਰਾਤਨ' ਪੁਸਤਕ ਨਹੀਂ ਹੈ। ਇਸਲਈ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੁਖਨਿਧਾਨ ਦਾ ਭੋਗ ਲਗਾਏ ਜਾਣ ਦੀ 'ਪੁਰਾਤਨਤਾ' ਇਸ ਪੁਸਤਕ ਰਾਹੀਂ ਸਿੱਧ ਕੀਤੀ ਹੀ ਨਹੀਂ ਜਾ ਸਕਦੀ।

ਜੇ 'ਖ਼ਾਲਸਾ ਧਰਮ ਸ਼ਾਸ਼ਤਰ' ਦੀ ਸਵਾ ਰੱਤੀ ਛਤਰਧਾਰਾ ਤੇ ਸਵਾ ਮਾਸਾ ਸੁਖਨਿਧਾਨ ਵਾਲੀ ਦਲੀਲ ਮੰਨ ਵੀ ਲਈਏ, ਤਾਂ ਫਿਰ ਸਿਰਫ਼ ਸੁਖਨਿਧਾਨ ਦਾ ਹੀ ਭੋਗ ਕਿਉਂ ? ਅਫ਼ੀਮ ਦਾ ਭੋਗ ਕਿਉਂ ਨਹੀਂ ? ਇੱਕ ਹੀ ਪੰਕਤੀ ਵਿੱਚ ਸੁਖਨਿਧਾਨ ਤੇ ਅਫ਼ੀਮ ਦਾ ਜ਼ਿਕਰ ਹੈ। ਇੱਕ ਚੀਜ਼ ਦਾ ਭੋਗ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ ਤੇ ਦੂਜੀ ਦਾ ਨਹੀਂ ? ਅਜਿਹਾ ਕਿਉਂ ?

ਸਿੰਘ ਸਾਹਿਬ ਜੀ ਦਾ ਇਹ ਵੀ ਕਹਿਣਾ ਹੈ ਕਿ ਸਾਰੀਆਂ ਸਿੱਖੀ ਰਹਿਤਾਂ ਗੁਰੂ-ਇਤਿਹਾਸ ਅਤੇ ਰਹਿਤਨਾਮਿਆਂ ਤੋਂ ਹੀ ਪਤਾ ਲੱਗਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਤੋਂ ਰਹਿਤਾਂ ਦਾ ਪਤਾ ਨਹੀਂ ਲੱਗਦਾ।

ਇਹ ਠੀਕ ਹੈ ਕਿ ਸਾਰੀਆਂ ਰਹਿਤਾਂ ਗੁਰੂ-ਇਤਿਹਾਸ ਅਤੇ ਰਹਿਤਨਾਮਿਆਂ ਤੋਂ ਹੀ ਪਤਾ ਲੱਗਦੀਆਂ ਹਨ, ਪਰ ਇਤਿਹਾਸ ਦੀ ਕਿਸੇ ਇੱਕ ਪੁਸਤਕ ਨੂੰ ਜਾਂ ਕਿਸੇ ਇੱਕ ਰਹਿਤਨਾਮੇ ਨੂੰ ਹੀ ਪ੍ਰਮਾਣ ਮੰਨ ਕੇ ਨਹੀਂ ਚਲਿਆ ਜਾ ਸਕਦਾ। ਸਿੰਘ ਸਾਹਿਬ ਜੀ ਇਹ ਗੱਲ ਤਾਂ ਜਾਣਦੇ ਹੀ ਹੋਣਗੇ ਕਿ 'ਅੰਮ੍ਰਿਤ ਸੰਚਾਰ' ਦੀ ਅਜੋਕੀ ਮਰਯਾਦਾ ਤਾਂ ਕਿਸੇ ਵੀ ਪੁਰਾਤਨ ਗ੍ਰੰਥ ਜਾਂ ਰਹਿਤਨਾਮੇ ਵਿੱਚ ਨਹੀਂ ਲਿਖੀ ਹੋਈ। ਫਿਰ ਵੀ ਪੂਰੀ ਦੁਨੀਆਂ ਵਿੱਚ ਇਹ ਹੀ ਮਰਯਾਦਾ ਪ੍ਰਚਲਿੱਤ ਹੈ। ਅਜਿਹਾ ਕਿਉਂ ? ਕੀ ਇਹ ਸੰਕੇਤ ਨਹੀਂ ਕਰਦਾ ਕਿ ਸਿੱਖੀ ਰਹਿਤ ਸਾਨੂੰ ਉਸ ਨਿਰੰਤਰ ਚਲੀ ਆ ਰਹੀ ਪਰੰਪਰਾ ਤੋਂ ਪ੍ਰਾਪਤ ਹੁੰਦੀ ਹੈ, ਜੋ ਸਤਿਗੁਰੂ ਕਲਗੀਧਰ ਦਸ਼ਮੇਸ਼ ਜੀ ਨੇ ਸ਼ੁਰੂ ਕੀਤੀ ਸੀ ?

ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਦੀਆਂ ਦਲੀਲਾਂ ਤੋਂ ਇਹ ਤਾਂ ਸਪਸ਼ਟ ਹੀ ਹੈ ਕਿ ਉਹ ਭੰਗ ਤੇ ਸੁੱਖ-ਨਿਧਾਨ ਨੂੰ ਸਮਾਨ-ਅਰਥਕ ਮੰਨਦੇ ਸਨ। ਤਖ਼ਤ ਸਾਹਿਬ ਜੀ ਦੇ ਮੁੱਖ ਪੂਜਾਰੀ ਹੋਣ ਕਾਰਣ ਸਿੰਘ ਸਾਹਿਬ ਨੇ ਗੁਰਬਾਣੀ ਦੀਆਂ ਇਹ ਪੰਕਤੀਆਂ ਤਾਂ ਜ਼ਰੂਰ ਹੀ ਪੜ੍ਹੀਆਂ ਹੋਣਗੀਆਂ : -

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥ ੨੩੩ ॥ [੧੦]

ਇੰਨੇ ਮਹੱਤਵਪੂਰਨ ਵਿਸ਼ੇ ਦੀ ਵੀਚਾਰ ਕਰਦਿਆਂ ਪਤਾ ਨਹੀਂ ਕਿਉਂ ਆਪ ਜੀ ਨੇ ਗੁਰਬਾਣੀ ਦੀਆਂ ਉਪਰੋਕਤ ਪੰਕਤੀਆਂ ਦਾ ਜ਼ਿਕਰ ਕਰਨਾ ਜ਼ਰੂਰੀ ਨਹੀਂ ਸਮਝਿਆ ?

---

[੧੦] ਸਲੋਕ ਭਗਤ ਕਬੀਰ ਜੀਉ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੩੭੭।